(This question paper contains 2 printed pages)

Roll No.

Sl. No of Question Paper: 5453

Unique Paper Code: 212551

E

Name of the Paper: Punjabi Discipline A

Name of the Course: B. A. (Prog.) Punjabi Discipline

Semester: V

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ-ਸਾਰ ਲਿਖੋ। (15)
   ਖੇੜਾ, ਚਿੱਟਾ ਕੱਪੜਾ ਤੇ ਇੱਜ਼ਤਦਾਰ ਰੋਟੀ, ਕੱਤਕ ਕੂੰਜਾਂ

2. ਆਧੁਨਿਕ ਪੰਜਾਬੀ-ਕਵਿਤਾ ਦੀਆਂ ਪ੍ਰਮੁੱਖ ਕਾਵਿ-ਪ੍ਰਵਿਰਤੀਆਂ ਨੂੰ ਉਦਾਹਰਣਾਂ ਸਹਿਤ ਸਪੱਸ਼ਟ ਕਰੋ। (10)

   **ਜਾਂ**

   ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਕੋਹਲੂ' ਵਿਚ ਜੀਵਨ ਬਾਰੇ ਕੀ ਸੁਨੇਹਾ ਦਿੱਤਾ ਗਿਆ ਹੈ ?

3. ਹਰਸ਼ਰਨ ਸਿੰਘ ਦੀ ਪੁਸਤਕ 'ਮੇਰੇ ਚੋਣਵੇਂ ਇਕਾਂਗੀ' ਵਿਚੋਂ ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਅਧਿਐਨ ਕਰੋ : (15)
   ਅਣਭਿੱਜ, ਤਰੇੜ, ਵਫ਼ਾ ਦੀ ਰਲਕੀ

4. 'ਮੇਰੇ ਚੋਣਵੇਂ ਇਕਾਂਗੀ' ਪੁਸਤਕ ਦੇ ਆਧਾਰ 'ਤੇ ਨਾਟਕਕਾਰ ਹਰਸਰਨ ਸਿੰਘ ਦੀ ਨਾਟਕ-ਕਲਾ ਉਪਰ ਟਿੱਪਣੀ ਕਰੋ। (10)

   **ਜਾਂ**

   ਨਾਟਕ ਅਤੇ ਇਕਾਂਗੀ ਵਿਚਕਾਰ ਕੀ ਅੰਤਰ ਹੈ ? ਹਰਸਰਨ ਸਿੰਘ ਦੇ ਇਕਾਂਗੀਆਂ ਦੇ ਆਧਾਰ 'ਤੇ ਇਕਾਂਗੀ-ਕਲਾ ਉਪਰ ਚਰਚਾ ਕਰੋ।

P.T.O.

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ (5)

''ਸ਼ਰਾਬ ਦੇ ਅਰਥ ਵਿਦਵਾਨਾਂ ਨੇ 'ਸ਼ਰਾਰਤਾਂ ਭਰਿਆ ਪਾਣੀ' ਕੀਤੇ ਹਨ। ਇਹ ਸ਼ਰਾਰਤ ਐਸੀ ਹੁੰਦੀ ਹੈ ਕਿ ਸ਼ਰਾਰਤ ਦੇ ਪਿਆਲੇ ਵਿਚ ਰਾਜ ਭਾਗ ਰੁੜ੍ਹ ਜਾਂਦੇ ਹਨ। ਇਸ ਨਾਲ ਰਾਜਿਆਂ ਦੇ ਰਾਜ ਭਾਗ ਤਾਂ ਤਬਾਹ ਹੁੰਦੇ ਹੀ ਹਨ, ਸਧਾਰਨ ਘਰਾਂ ਦੀ ਸੁਖ ਸ਼ਾਂਤੀ ਵੀ ਕਾਫੂਰ ਹੋ ਜਾਂਦੀ ਹੈ। ਜਦੋਂ ਨਸ਼ੇ ਵਿਚ ਗੁੱਟ ਲੜਖੜਾਉਂਦਾ ਸ਼ਰਾਬੀ ਘਰ ਆਏਗਾ ਤਾਂ ਬੀਵੀ ਬੱਚਿਆਂ ਨੂੰ ਸਲੋਕ ਹੀ ਸੁਣਾਏਗਾ ਜਾਂ ਬੋ ਮਾਰਦਾ ਪੈ ਜਾਏਗਾ, ਬੇਸੁਰਤ ਹੋਇਆ। ਧਨ ਦੀ ਹਾਨੀ ਉਹ ਕਰਕੇ ਆਏਗਾ, ਜਿਸ ਨਾਲ ਘਰ ਦਾ ਸੰਤੁਲਨ ਵਿਗੜ ਜਾਏਗਾ। ਉਸ ਨੂੰ ਖ਼ੁਦ ਨੂੰ ਵੀ ਸ਼ਰਾਬ ਪੀ ਜਾਏਗੀ। ਉਸਦੀ ਸਿਹਤ ਖ਼ਰਾਬ ਹੋ ਹੀ ਜਾਏਗੀ। ਜਿਹੜਾ ਪੈਸਾ ਪਰਿਵਾਰ ਦੀ ਖਾਧ-ਖ਼ੁਰਾਕ ਅਤੇ ਬੇਹਤਰੀ ਉੱਤੇ ਖ਼ਰਚ ਹੋਣਾ ਹੈ, ਉਹ ਪੈਸਾ ਸ਼ਰਾਬ ਉੱਤੇ ਉਜਾੜਣ ਨਾਲ ਪਰਿਵਾਰ ਨੂੰ ਚੰਗੀ ਖ਼ੁਰਾਕ ਨਹੀਂ ਮਿਲ ਸਕੇਗੀ ਜਿਸ ਕਰਕੇ ਉਨ੍ਹਾਂ ਦੇ ਸਰੀਰ-ਬੁੱਧੀ ਅਤੇ ਮਨ ਵੀ ਕਮਜ਼ੋਰ ਹੋਣਗੇ। ਆਂਢੀਆਂ-ਗੁਆਂਢੀਆਂ ਦੀਆਂ ਜ਼ਬਾਨਾਂ 'ਤੇ ਨਜ਼ਰਾਂ ਤੋਂ ਸ਼ਰਾਬੀ ਦੀ ਬੀਵੀ ਬੱਚੇ ਅਖਵਾਉਣੋਂ ਉਹ ਬਚ ਨਹੀਂ ਸਕਣਗੇ। ਹਾਂ, ਸ਼ਰਾਬੀ ਪਰਿਵਾਰ ਭਾਵੇਂ ਓਨੀ ਭੈੜੀ ਨਿਗਾਹ ਨਾਲ ਇਕ ਦੂਜੇ ਨੂੰ ਨਾ ਦੇਖਣ। ਸ਼ਰਾਬ ਮਨੁੱਖ ਦੀ ਬਰਬਾਦੀ ਕਰਦੀ ਹੈ। ਮਨੁੱਖ ਨੂੰ ਬਰਬਾਦੀ ਤੋਂ ਬਚਾਉਣ ਲਈ, ਧਰਮ ਦੇ ਰਸਤੇ ਚਲਣ ਦੀ ਸਿੱਖਿਆ ਦੇਂਦੇ ਧਰਮਾਂ ਨੇ ਇਸ ਨੂੰ ਪੀਣ ਦੀ ਨਿਖੇਧੀ ਕੀਤੀ ਹੈ।''

6. ਸ਼ਬਦ ਜੋੜਾਂ ਦੇ ਕੋਈ ਪੰਜ ਨੇਮ ਦੱਸੋ ਜਾਂ ਹੇਠ ਲਿਖੇ ਸ਼ਬਦਾਂ ਦੇ ਸ਼ੁੱਧ ਰੂਪ ਲਿਖੋ : (5)

ਭਾਮੇਂ, ਇੰਦ੍ਰ, ਪ੍ਰਵਾਰ, ਸਹੋਣਾ, ਸੁਨੈਹਰੀ

7. ਕਾਰਕ ਅਤੇ ਕਾਰਕੀ ਸੰਬੰਧਾਂ ਬਾਰੇ ਸੰਖੇਪ ਜਾਣਕਾਰੀ ਦਿਉ। (5)

8. ਹੇਠ ਲਿਖੇ ਅਗੇਤਰਾਂ ਅਤੇ ਪਿਛੇਤਰਾਂ ਦੀ ਮਦਦ ਨਾਲ ਦੋ-ਦੋ ਸ਼ਬਦ ਬਣਾਉ : (5)

ਅਗੇਤਰ : ਸ, ਗ਼ੈਰ, ਉਪ

ਪਿਛੇਤਰ : ਹਾਲ, ਦਰਸ਼ੀ

9. ਗੁਰਮੁਖੀ ਲਿਪੀ ਵਿਚ ਵਰਤੀਆਂ ਜਾਣ ਵਾਲੀਆਂ ਲਗਾਂ ਕਿੰਨੇ ਪ੍ਰਕਾਰ ਦੀਆਂ ਹਨ ?
ਉਦਾਹਰਣਾਂ ਦੇ ਕੇ ਸਮਝਾਉ। (5)

—0—